**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-24/76-2018-ਅਮਲਾ-1(1)**

**ਮਿਤੀ ਅਜੀਤਗੜ੍ਹ:-19/06/2018**

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਪੱਤਰ ਨੰਬਰ:- ਪ੍ਰ:ਅ:-2/2018/ 2393 ਮਿਤੀ 4/4/2018 ਅਨੁਸਾਰ ਭੇਜੀ ਗਈ ਤਜਵੀਜ ਦੇ ਸੰਨਮੁੱਖ ਸ਼੍ਰੀ ਰਾਜੇਸ਼ ਕੁਮਾਰ, ਬੀ.ਪੀ.ਈ.ਓ. ਭੂੰਗਾ-2 (ਹੁਸ਼ਿਆਰਪੁਰ) ਵਲੋਂ ਦਿੱਤੇ ਗਏ ਸਵੈ-ਇਛੁੱਕ ਰਿਟਾਇਰਮੈਂਟ ਸਬੰਧੀ ਨੋਟਿਸ ਮਿਤੀ ਨਿੱਲ ਅਨੁਸਾਰ ਮਿਤੀ 15/3/2018 ਤੋਂ 20/06/2018 ਤੱਕ ਤਿੰਨ ਮਹੀਨੇ ਪਹਿਲਾ ਸੂਚਿਤ ਕੀਤਾ ਗਿਆ ਹੈ, ਨੂੰ ਵਿਚਾਰਦੇ ਹੋਏ ਮਿਤੀ 20/06/2018 (ਬਾਅਦ ਦੁਪਹਿਰ) ਤੋਂ ਸਵੈ-ਇਛੁੱਕ ਰਿਟਾਇਰਮੈਂਟ ਲੈਣ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਅਧੀਨ ਦਿੱਤੀ ਜਾਂਦੀ ਹੈ:-

ੳ) ਇਸ ਅਧਿਕਾਰੀ ਦੀ ਮਿਤੀ 20/06/2018 ਨੂੰ 50 ਸਾਲ ਦੀ ਉਮਰ ਅਤੇ 20 ਸਾਲ ਦੀ ਸੇਵਾ ਪੂਰੀ ਕਰਦਾ ਹੋਵੇ।

ਅ) ਇਸ ਅਧਿਕਾਰੀ ਵਿਰੁੱਧ ਸਰਕਾਰ ਦਾ ਕਿਸੇ ਕਿਸਮ ਦਾ ਕੋਈ ਕਰਜੇ ਦੇ ਬਕਾਏ ਦੀ ਰਿਕਵਰੀ ਨਾ ਨਿਕਲਦੀ ਹੋਵੇ।

ੲ) ਇਸ ਅਧਿਕਾਰੀ ਵਿਰੁੱਧ ਕੋਈ ਆਡਿਟ ਪੈਰ੍ਹਾ ਪੈਂਡਿੰਗ ਨਾ ਹੋਵੇ।

ਸ) ਇਸ ਅਧਿਕਾਰੀ ਦੇ ਵਿਦਿਅਕ ਸਰਟੀਫਿਕੇਟਾਂ ਦੀ ਸਬੰਧਤ ਸੰਸਥਾਵਾਂ ਤੋਂ ਵੈਰੀਫਿਕੇਸ਼ਨ ਹੋਈ ਹੋਵੇ ਅਤੇ ਕੋਈ ਸਰਟੀਫਿਕੇਟ ਜਾਅਲੀ/ਫੇਕ ਨਾ ਪਾਇਆ ਗਿਆ ਹੋਵੇ।

ਹ) **ਇਸ ਅਧਿਕਾਰੀ ਵਿਰੁੱਧ ਇਸ ਦਫਤਰ ਵਲੋਂ ਜਾਰੀ ਕੀਤੀ ਗਈ ਦੋਸ਼ ਸੂਚੀ ਅਨੁਸਾਰ ਸਰਕਾਰ ਦੀਆਂ ਹਦਾਇਤਾਂ ਪੱਤਰ ਨੰਬਰ:-184-GOI-2GS-177/40341 ਮਿਤੀ 14/15-09/1977 ਅਨੁਸਾਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿਚ ਦਰਜ ਕੀਤੇ ਗਏ ਉਪਬੰਧਾ ਅਨੁਸਾਰ ਪੰਜਾਬ ਸਿਵਲ ਸੇਵਾਵਾਂ ਵਾਲਯੂਮ-2 ਦੇ ਨਿਯਮ 2.2 ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਅਧਿਕਾਰੀ ਦੇ ਪੈਨਸ਼ਨਰੀ ਲਾਭ ਨਿਯਮਾਂ/ਹਦਾਇਤਾਂ ਦੇ ਸੰਨਮੁੱਖ ਰਲੀਜ ਕਰਨ ਯੋਗ ਹੋਣਗੇ।**

ਕ) ਇਸ ਅਧਿਕਾਰੀ ਵਿਰੁੱਧ ਕਿਸੇ ਪ੍ਰਕਾਰ ਦਾ ਸਰਕਾਰ ਦਾ ਕੋਈ ਅਹਿਮ ਦਸਤਾਵੇਜ ਜਾਂ ਰਿਕਾਰਡ ਪੈਂਡਿੰਗ ਨਹੀਂ ਹੋਣਾ ਚਾਹੀਦਾ।

ਖ) ਇਸ ਅਧਿਕਾਰੀ ਵਲੋਂ ਕਿਸੇ ਹੋਰ ਅਧਿਕਾਰੀ/ਕਰਮਚਾਰੀ ਵਿਰੁੱਧ ਕਿਸੇ ਕਿਸਮ ਦੀ ਕੋਈ ਸ਼ੋਰਟੀ ਬਾਂਡ ਭਰਨ ਦੀ ਸੂਰਤ ਵਿਚ ਸ਼ੋਰਟੀ ਬਾਂਡ ਵਿਚ ਦਰਜ ਤੱਥਾਂ ਅਨੁਸਾਰ ਰਿਟਾਇਰਮੈਂਟ ਉਪਰੰਤ ਵੀ ਬਾਊਂਡ ਰਹੇਗਾ।

ਗ) ਇਸ ਅਧਿਕਾਰੀ ਵਲੋਂ ਕਿਸੇ ਪ੍ਰਕਾਰ ਦਾ ਕੋਈ ਗਬਨ ਨਾ ਕੀਤਾ ਗਿਆ ਹੋਵੇ।

ਘ) ਇਸ ਅਧਿਕਾਰੀ ਵਲੋਂ ਕਿਸੇ ਵੀ ਅਦਾਲਤੀ ਕੇਸ ਵਿਚ ਪ੍ਰਕਾਰ ਦੀ ਵਿਭਾਗ ਦੀ ਤਰਫੋਂ ਤੱਥਾਂ/ਰਿਕਾਰਡ/ਨਿਯਮਾਂ ਦੇ ਉਲਟ ਕੋਈ ਅੰਡਰਟੇਕਿੰਗ ਨਾ ਦਿੱਤੀ ਹੋਵੇ ਜਿਸ ਦੇ ਪ੍ਰਭਾਵ ਹੇਠ ਸਵੈ ਇਛੁੱਕ ਰਿਟਾਇਰਮੈਂਟ ਦੀ ਮੰਗ ਕੀਤੀ ਗਈ ਹੋਵੇ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 3091

**ਮਿਤੀ ਅਜੀਤਗੜ੍ਹ:-** 19/6/18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਪੱਤਰ ਨੰਬਰ:- ਪ੍ਰ:ਅ:-2/2018/ 2393 ਮਿਤੀ 4/4/2018 ਦੇ ਹਵਾਲੇ ਵਿਚ ਭੇਜ ਕੇ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਧਿਕਾਰੀ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚ ਦੇ ਸਬੰਧ ਵਿਚ ਜੇਕਰ ਕੋਈ ਜਵਾਬ ਪੇਸ਼ ਕੀਤਾ ਜਾਂਦਾ ਹੈ ਤਾਂ ਸਮੇਤ ਟਿੱਪਣੀ ਇਸ ਦਫਤਰ ਨੂੰ ਤੁਰੰਤ ਪੇਸ਼ ਕੀਤਾ ਜਾਵੇ। ਜੇਕਰ ਆਪਣੇ ਬਚਾਅ ਪੱਖ ਵਿਚ ਇਹ ਅਧਿਕਾਰੀ ਕੁਝ ਨਹੀਂ ਕਹਿਣਾ ਚਾਹੁੰਦਾ ਹੋਵੇ ਅਤੇ ਇਸ ਵਿਰੁੱਧ ਲਗਾਏ ਗਏ ਦੋਸ਼ਾਂ ਨੂੰ ਪੂਰਨ ਰੂਪ ਵਿਚ ਸਵਿਕਾਰਦਾ ਹੋਵੇ ਤਾਂ ਅਜਿਹੀ ਹਾਲਤ ਵਿਚ ਵੀ ਇਸ ਦਫਤਰ ਨੂੰ ਤੁਰੰਤ ਲਿਖਤੀ ਰੂਪ ਵਿਚ ਸੂਚਿਤ ਕੀਤਾ ਜਾਵੇ। ਇਸ ਮਾਮਲੇ ਵਿਚ ਕਿਸੇ ਪ੍ਰਕਾਰ ਦੀ ਕੋਈ ਦੇਰੀ ਜਾਂ ਅਣਗਹਿਲੀ ਨਾ ਵਰਤੀ ਜਾਵੇ। [illegible]
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਹੁਸ਼ਿਆਰਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ ,ਭੂੰਗਾ-2 (ਹੁਸ਼ਿਆਰਪੁਰ)
5. ਸ਼੍ਰੀ ਰਾਜੇਸ਼ ਕੁਮਾਰ, ਬੀ.ਪੀ.ਈ.ਓ. ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
6. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਅੱਪ ਲੋਡ ਕਰਨ ਲਈ।

19/6/18
**ਸੁਪਰਡੰਟ (ਅਮਲਾ)**